بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.04.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਮੁਹਤਰਮ ਪ੍ਰੋਫ਼ੈਸਰ ਡਾਕਟਰ ਅਸ਼ਫ਼ਾਕ ਅਹਮਦ ਸਾਹਬ ਸ਼ਹੀਦ ਮਰਹੂਮ (ਪਾਕਿਸਤਾਨ)
ਮੁਹਤਰਮ ਮੌਲਵੀ ਐਚ. ਨਾਸਿਰੁੱਦੀਨ ਸਾਹਬ ਮੁਬਲੱਗ਼ ਸਿਲਸਿਲਾ (ਭਾਰਤ)
ਮੁਹਤਰਮਾ ਸਾਹਿਬਜ਼ਾਦੀ ਅਮਤੁਲ ਵਹੀਦ ਬੇਗ਼ਮ ਸਾਹਿਬਾ ਸੁਪਤੱਨੀ ਮਿਰਜ਼ਾ ਖ਼ੁਰਸ਼ੀਦ ਅਮਹਦ ਸਾਹਬ (ਪਾਕਿਸਤਾਨ)
ਦੇ ਸਦਗੁਣਾ ਦਾ ਇਮਾਨ ਭਰਪੂਰ ਵਰਨਣ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਅਪ੍ਰੈਲ 2017 ਈ. ਨੂੰ ਜਰਮਨੀ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਕੁਝ ਪ੍ਰਬੰਧਕੀ ਕਾਰਜਾਂ ਵੱਲ ਧਿਆਨ ਦੁਆਇਆ ਅਤੇ ਫ਼ਰਮਾਇਆ : ਅੱਜ ਦੇ ਖ਼ੁਤਬੇ ਤੋਂ ਪਹਿਲਾਂ ਮੈਂ ਕੁਝ ਹੋਰ ਵਿਸ਼ਾ ਲਿਆ ਸੀ ਪਰ ਕੁਝ ਮਰਹੂਮੀਨ (ਸਵਰਗਵਾਸੀਆਂ) ਦਾ ਜਨਾਜ਼ਹ ਪੜ੍ਹਾਉਂਣਾ ਸੀ । ਉਹਨਾਂ ਦੀਆਂ ਗਲੱਾਂ ਸਾਹਮਣੇ ਆ ਗਈਆਂ ਇਸ ਲਈ ਮੈਂ ਸੋਚਿਆ ਕਿ ਇਹਨਾਂ ਦਾ ਹੀ ਵਰਨਣ ਕਰਾਂਗਾ ਜਿੰਨਾਂ ਵਿੱਚੋਂ ਇਕ ਸ਼ਹੀਦ ਹਨ, ਇਕ ਮੁਰੱਬੀ ਸਿਲਸਿਲਾ ਹਨ ਅਤੇ ਇਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੋਤੀ ਹਨ । ਇਹਨਾਂ ਲੋਕਾਂ ਦੇ ਸਦਗੁਣ ਅਜਿਹੇ ਹਨ ਜੋ ਜਮਾਤ ਦੇ ਹਰ ਤਬਕੇ ਲਈ ਨੇਕੀ ਦਾ ਨਮੂਨਾ ਹਨ ਅਤੇ ਇਹੋ ਅਜਿਹੀਆਂ ਗਲੱਾਂ ਹਨ ਜੋ ਸਾਡੇ ਵਿੱਚ ਬਹੁਤਿਆਂ ਲਈ ਅਨੁਸਰਨ ਯੋਗ ਨਮੂਨਾ ਹਨ । ਅਨੇਕਾਂ ਲਈ ਇਸ ਵਿੱਚ ਸਿੱਖਿਆ ਹੈ । ਸੋ, ਮੈਂ ਉਚਿਤ ਸਮਝਿਆ ਕਿ ਇਹਨਾਂ ਮਰਹੂਮਾ ਦੇ ਸੰਖੇਪ ਜਿਹੇ ਵਰਨਣ ਨੂੰ ਰਤਾ ਖੋਲਕੇ ਵਰਨਣ ਕਰਾਂ । ਹਰ ਇਕ ਦੇ ਚਰਿਤ੍ਰ ਦੇ ਪੱਖ ਮੇਰੇ ਸਾਹਮਣੇ ਲਿਆਂਦੇ ਗਏ ਹਨ, ਜਾਂ ਜੋ ਮੈਂਨੂੰ ਪਤਾ ਸਨ ਉਹ ਅਜਿਹੇ ਹਨ ਜੋ (مَّنۡ قَضٰی نَحۡبَہٗ) ਮਨ ਕਜ਼ਾ ਨਹਬਾਹੂ' ਦੇ ਚਰਿਤੱਾਰਥ ਇਹਨਾਂ ਲੋਕਾਂ ਨੂੰ ਬਣਾਉਂਦੇ ਹਨ । ਜੋ ਆਪਣੇ ਅਹਿਦ (ਵਾਦਿਆਂ) ਅਤੇ ਆਪਣੀਆਂ ਨੀਤਾਂ ਅਤੇ ਆਪਣੇ ਇਰਾਦਿਆਂ ਨੂੰ ਪੂਰਾ ਕਰਨ ਵਾਲੇ ਲੋਕ ਸਨ । ਜਿੰਨ੍ਹਾ ਨੇ ਦੀਨ ਨੂੰ ਦੁਨੀਆ ਉਪੱਰ ਪਹਿਲ ਦਿੰਦਿਆਂ ਹੋਇਆਂ ਆਪਣੇ ਜੀਵਨ ਲੰਘਾਏ ਅਤੇ ਇਸੇ ਪ੍ਰਕਾਰ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਏ । ਇਹਨਾਂ ਵਿੱਚੋਂ ਪਹਿਲਾਂ ਸਾਡੇ ਸ਼ਹੀਦ ਭਾਈ ਪ੍ਰੋਫ਼ੈਸਰ ਡਾਕਟਰ ਅਸ਼ਫ਼ਾਕ ਅਹਮਦ ਸਾਹਬ ਹਨ ਜੋ ਬੀਤੇ ਜੁਮਏ ਸ਼ਹੀਦ ਕੀਤੇ ਗਏ । ਪ੍ਰੋਫ਼ੈਸਰ ਡਾਕਟਰ ਰਿਟਾਇਰਡ ਅਸ਼ਫ਼ਾਕ ਅਹਮਦ ਸਾਹਬ ਸ਼ੇਖ਼ ਸੁਲਤਾਨ ਅਹਮਦ ਸਾਹਬ ਲਾਹੌਰ ਦੇ ਪੁਤੱਰ ਸਨ । ਇਹਨਾ ਦੀ ਉਮੱਰ 68 ਸਾਲ ਸੀ । ਬੀਤੇ ਜੁਮਏ ਇਹ ਨਮਾਜ਼ ਜੁਮਆ ਪੜ੍ਹਕੇ ਆਪਣੀ ਕਾਰ ਵਿੱਚ ਬੈਤੁਲ ਤੌਹੀਦ ਜਾ

ਰਹੇ ਸਨ ਕਿ ਮਾਰਗ ਵਿੱਚ ਇਕ ਮੋਟਰ ਸਾਇਕਲ ਸਵਾਰ ਅਹਮਦੀਆਤ ਦੇ ਦੁਸ਼ਮਣ ਨੇ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ । (اناللهواناالیہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਉਨ ।

ਸ਼ਹੀਦ ਮਰਹੂਮ ਦੇ ਪਰਿਵਾਰ ਵਿੱਚ ਅਹਮਦੀਅਤ ਦਾ ਪੌਦਾ ਉਹਨਾਂ ਦੇ ਦਾਦਾ ਮੁਕਰੱਮ ਸ਼ੇਖ਼ ਅਬਦੁਲ ਕਾਦਰ ਸਾਹਬ ਰਾਹੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਲੁਧਿਆਣਾ ਆਉਣ ਦੇ ਸਮੇਂ ਲੱਗਿਆ । ਮਰਹੂਮ ਰੱਬ ਦੀ ਮਿਹਰ ਨਾਲ ਮੂਸੀ ਸਨ ਖ਼ਿਲਾਫ਼ਤ ਨਾਲ ਨਿਘੱਾ ਪ੍ਰੇਮ ਰਖੱਦੇ ਸਨ, ਤਹਜੁੱਦ ਪੜ੍ਹਨ ਵਾਲੇ ਸਨ ਅਤੇ ਮਹਿਮਾਨ ਨਵਾਜ਼ੀ (ਪ੍ਰਾਹੁਣਾਚਾਰੀ) ਤੇ ਲੋਕ ਸੇਵਾ ਕਰਨ ਵਾਲੇ, ਉਹਦੇਦਾਰਾਂ ਦੀ ਆਗਿਆਕਾਰੀ ਕਰਨ ਵਾਲੇ ਨੇਕ ਤੇ ਖ਼ਾਲਸ ਪੁਰੁਸ਼ ਸਨ । ਹਮੇਸ਼ਾ ਜਮਾਤੀ ਸੇਵਾ ਵਿੱਚ ਅੱਗੇ ਰਹਿੰਦੇ ਅਤੇ ਅਤਿਅੰਤ ਉੱਚੇ ਆਚਰਣ ਦੇ ਮਾਲਕ ਸਨ । ਦਾਅਤ ਇਲਲੱਾਹ (ਰੱਬੀ ਸੰਦੇਸ਼ ਪਹੁਚਾਉਣ) ਦਾ ਬਹੁਤ ਸ਼ੌਕ ਸੀ, ਬੁਲੰਦ ਅਖ਼ਲਾਮ ਤੇ ਮਿਲਨਸਾਰ ਹੋਣ ਕਰਕੇ ਆਪਣੇ ਵਿਦਿਆਰਥੀਆ ਤੇ ਸਾਥੀ ਪ੍ਰੋਫ਼ੈਸਰਾਂ ਵਿੱਚ ਇਕ ਸਮਾਨ ਪ੍ਰਸਿੱਧ ਸਨ । ਆਪਣੇ ਸਾਥੀ ਪ੍ਰੋਫ਼ੈਸਰਾਂ ਨੂੰ ਆਪਣੇ ਘਰ ਖਾਣੇ'ਤੇ ਬੁਲਾ ਲੈਂਦੇ ਅਤੇ ਜਮਾਤ ਦਾ ਢੁਕੱਵੇਂ ਰੂਪ ਵਿੱਚ ਪਰੀਚੇ ਕਰਾਉਂਦੇ । ਇਸ ਕਰਕੇ ਕਈ ਵਾਰ ਆਪ ਨੂੰ ਧਮਕੀਆਂ ਵੀ ਮਿਲਦੀਆਂ ਸਨ ਪਰ ਆਪ ਕਦੇ ਵੀ ਪਰਵਾਹ ਨ ਕਰਦੇ ਸਗੋਂ ਕਿਹਾ ਕਰਦੇ ਸਨ ਕਿ ਇਹ ਸਾਧਾਰਣ ਗਲੱਾਂ ਹਨ । ਬਚਪੁਣੇ ਤੋਂ ਹੀ ਸ਼ਹੀਦ ਮਰਹੂਮ ਨੂੰ ਜਮਾਤੀ ਸੇਵਾ ਦਾ ਬਹੁਤ ਜਜ਼ਬਾ ਸੀ ਅਤੇ ਜਮਾਤੀ ਤੇ ਵਿਵਸਥਕ ਪਧੱਰ'ਤੇ ਆਪ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ । ਹਲਕਾ ਸਬਜ਼ਾਜ਼ਾਰ ਵਿੱਚ ਰਹਿੰਦਿਆ ਹੋਇਆ ਹਲਕੇ ਦੇ ਸਦਰ ਅਤੇ ਨਾਇਬ ਜ਼ਈਮ ਆਲਾ ਦੇ ਰੂਪ ਵਿੱਚ ਸੋਹਣੇ ਰੰਗ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ । ਇਸ ਸਾਲ ਆਪ ਦੀ ਨਿਯੁਕਤੀ ਬਤੌਰ ਸੈਕ੍ਰੇਟਰੀ ਦਾਵਤ ਇਲਲੱਾਹ ਅਮਾਰਤ ਅਲੱਾਮਾ ਇਕਬਾਲ ਟਾਊਨ ਲਾਹੌਰ ਦੇ ਰੂਪ ਵਿੱਚ ਹੋਈ ਸੀ ਅਤੇ ਬਹੁਤ ਚੰਗੇ ਢੰਗ ਨਾਲ ਆਪਣੇ ਦਾਵਤ ਇਲਲੱਾਹ ਦਾ ਕੰਮ ਅਰੰਭ ਕੀਤਾ ਤੇ ਪ੍ਰੋਗਰਾਮ ਬਣਾਏ ਸਨ । ਉਹਨਾਂ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਦੇ ਸਮੇਂ ਇਕ ਸੁਪਨਾ ਦੇਖਿਆ ਸੀ । ਉਹਨਾਂ ਦੇ ਭਾਈ ਕਹਿੰਦੇ ਹਨ ਕਿ ਉਹ ਸੁਪਨਾ ਇਉਂ ਸੀ ਕਿ ਮੈਂ ਸੁਪਨੇ ਵਿੱਚ ਦੇਖਿਆਕਿ ਸਾਡੇ ਮੁਹੱਲੇ ਦੀ ਇਕ ਮਸਜਿਦ ਜੋ ਕਿ ਜਮਾਤ ਤੋਂ ਬਾਹਰ ਲੋਕਾਂ ਦੀ ਹੈ ਓਥੇ ਐਲਾਨ ਹੋ ਰਿਹਾ ਹੈ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਵਫ਼ਾਤ ਪਾ ਗਏ ਹਨ ਅਤੇ ਮੈਂ ਦੇਖਿਆ ਕਿ ਘਰ ਦੇ ਲੈਟਰ ਬਾਕਸ ਵਿੱਚ ਇਕ ਛੁਰੀ ਪਈ ਹੋਈ ਹੈ । ਬਹਿਰਹਾਲ ਇਹ ਐਮ.ਟੀ.ਏ ਰਾਹੀਂ ਜੋ ਐਲਾਨ ਹੁੰਦਾ ਰਿਹਾ ਇਸ ਪੱਖੋਂ ਉਹ ਸੁਪਨਾ ਵੀ ਪੂਰਾ ਹੋ ਗਿਆ ਅਤੇ ਛੁਰੀ ਜੋ ਦੇਖੀ ਸੀ ਉਹਨਾਂ ਨੇ ਉਹ ਉਹਨਾਂ ਦੀ ਸ਼ਹੀਦੀ ਵੱਲ ਸੰਕੇਤ ਸੀ । ਕਹਿੰਦੇ ਹਨ ਕਿ ਸਾਡੇ ਭਾਈ ਸਾਡੇ ਉਪੱਰ ਲੀਡ ਲੈ ਗਏ । ਪਰਿਵਾਰ ਦਾ ਨਾਂ ਰੌਸ਼ਨ ਕੀਤਾ ਸ਼ਹਾਦਤ ਦੇ ਮਰਤਬੇ ਨੂੰ ਪ੍ਰਾਪਤ ਕਰਕੇ ਪਰਿਵਾਰ ਦੇ ਪਹਿਲੇ ਸ਼ਹੀਦ ਬਣਕੇ ਸਾਡਿਆਂ ਸਾਰਿਆਂ ਲਈ ਉਧਾਰਣ ਛੱਡ ਗਏ । ਅਲੱਾਹ ਤਆਲਾ ਉਹਨਾਂ ਦੇ ਦਰਜਿਆਂ ਨੂੰ ਬੁਲੰਦ ਕਰੇ । ਉਹਨਾਂ ਦੇ ਛੇ ਭਾਈ ਤੇ ਇਕ ਭੈਣ ਹੈ । ਜੋ ਸਾਰੇ ਹੀ ਲਗਭਗ ਬਾਹਰ ਹਨ ।

ਦੂਜੇ ਮਰਹੂਮ ਜਿੰਨਾ ਦਾ ਵਰਨਣ ਕਰਨਾ ਹੈ ਉਹ ਮੁਕਰੱਮ ਐਚ ਨਾਸਿਰੁੱਦੀਨ ਸਾਹਬ ਮੁਬਲੱਗ਼ ਇੰਚਾਰਜ ਈਸਟ ਗੁਦਾਵਰੀ ਇੰਡੀਆ ਹਨ । 7 ਅਪ੍ਰੈਲ 2017 ਈ. ਨੂੰ ਦਰਿਆਏ ਗੁਦਾਵਰੀ ਵਿੱਚ ਡੁੱਬ ਜਾਣ ਕਰਕੇ 42 ਸਾਲ ਦੀ ਉਮੱਰ ਵਿੱਚ ਵਫ਼ਾਤ ਪਾ ਗਏ । (اناللهواناالیہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਉਨ । ਹਾਦਸੇ ਵਾਲੇ ਦਿਨ ਆਪ ਮੁਕਰੱਮ ਅਮੀਰ ਸਾਹਬ ਸਿਕੰਦਰਾਬਾਦ ਅਤੇ ਜਮਾਤ ਦੇ ਲੋਕਾਂ ਨਾਲ ਬਾਂਗਲਪੁੜੀ ਜਮਾਤ ਵਿੱਚ ਨਮਾਜ਼ ਫ਼ਜਰ ਦੇ ਬਾਦ ਦਰਿਆ'ਤੇ ਗਏ । ਚੰਗੀ ਤੈਰਾਕੀ ਜਾਣਦੇ ਸਨ । ਓਥੇ ਕੁਝ ਲੋਕਾਂ ਨਾਲ ਤੈਰਾਕੀ ਸਮੇਂ ਲਾਪਤਾ ਹੋ ਗਏ, ਫਿਰ ਮਛੇਰਿਆਂ ਦੀ ਮਦਦ ਨਾਲ ਇਕ ਘੰਟਾ ਭਾਲ ਕਰਨ ਦੇ ਬਾਦ ਦਰਿਆ ਦੇ ਕੰਢੇ ਉਹਨਾਂ ਦੀ ਲੋਥ ਮਿਲੀ

। ਮਰਹੂਮ ਦੇ ਪਿਤਾ ਮੁਕਰੱਮ ਐਮ. ਸ਼ਾਹ ਹਮੀਦ ਆਪਣੇ ਖੇਤਰ ਕਾਵਾਸ਼ੀਰੀ ਕੇਰਾਲਾ ਦੇ ਸਭ ਤੋਂ ਪਹਿਲੇ ਅਹਮਦੀ ਸਨ । ਉਹਨਾਂ ਰਾਹੀਂ ਹੀ ਓਥੇ ਜਮਾਤ ਸਥਾਪਤ ਹੋਈ, ਜੱਦ ਕਿ ਆਪ ਦੀ ਮਾਤਾ ਮੁਹਤਰਮਾ ਚੇਲਾ ਕੇਰੂਬੀ ਅਰੰਭਕ ਅਹਦੀਆਂ ਵਿੱਚੋਂ ਸਨ । ਮਰਹੂਮ ਸਨ 2000 ਵਿੱਚ ਕਾਦੀਆਂ ਤੋਂ ਜਾਮਿਆਂ ਪਾਸ ਕਰਕੇ ਸੂਬਾ ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ ਵਿੱਚ ਵੱਖ ਵੱਖ ਥਾਵਾਂ'ਤੇ ਸਫ਼ਲ ਮੁਬਲੱਗ਼ ਦੇ ਰੂਪ ਵਿੱਚ ਸੇਵਾ ਕਰਦੇ ਰਹੇ । ਵਫ਼ਾਤ ਸਮੇਂ ਬਤੌਰ ਮੁਬਲੱਗ਼ ਇੰਚਾਰਜ ਜ਼ਿਲਾ ਈਸਟ ਗੁਦਾਵਰੀ ਨਿਯੁਕਤ ਸਨ । ਇਹਨਾ ਦੀ ਸੁਪਤੱਨੀ ਕਹਿੰਦੀ ਹਨ ਕਿ ਕੁਝ ਅਜਿਹੀਆਂ ਥਾਵਾਂ ਵਿੱਚ ਵੀ ਰਹਿਣਾ ਪਿਆ ਜਿੱਥੇ ਕੇਵਲ ਜਮਾਤੀ ਸੈਂਟਰ ਕਾਇਮ ਸਨ, ਓਥੇ ਪਤਨੀ ਤੇ ਬੱਚਿਆਂ ਨੂੰ ਨਮਾਜ਼ ਪੜ੍ਹਾਕੇ ਦਰਸ ਦਿਆ ਕਰਦੇ ਸਨ ਅਤੇ ਇਹ ਸਿਲਸਿਲਾ ਵਫ਼ਾਤ ਤੋਂ ਇਕ ਦਿਨ ਪਹਿਲਾਂ ਤੱਕ ਅਰੰਭ ਰੱਖਿਆ । ਮੁਰੱਬੀਆਂ ਲਈ ਮੁਬਲੱਗ਼ੀਨ ਲਈ ਇਸ ਵਿੱਚ ਸਿੱਖਿਆ ਹੈ ਕਿ ਜੇਕਰ ਜਮਾਤਾਂ ਦੂਰ ਦੂਰ ਹਨ ਕੋਈ ਨਹੀਂ ਵੀ ਆਉਂਦਾ ਫਿਰ ਵੀ ਨਮਾਜ਼ਾਂ ਬਾ ਜਮਾਤ ਹੋਣੀਆਂ ਚਾਹੀਦੀਆਂ ਹਨ ਚਾਹੇ ਆਪਣੇ ਘਰ ਵਾਲਿਆਂ ਨਾਲ ਹੀ ਪੜ੍ਹਨ । ਫਿਰ ਉਹਨਾਂ ਦੀ ਪਤਨੀ ਦੱਸਦੀ ਹਨ ਕਿ ਜੱਦ ਆਪ ਦੀ ਕਾਮਰੇਡੀ ਵਿੱਚ ਨਿਯੁਕਤੀ ਸੀ ਤਾਂ ਓਥੇ ਲੀਫ਼ਲੈਟਸ ਵੰਡਣ ਕਰਕੇ ਆਪ ਦੀ ਵਿਰੋਧਤਾ ਵੱਧ ਗਈ, ਫੜੇ ਗਏ ਵਿਰੋਧੀਆਂ ਨੇ ਬਹੁਤ ਮਾਰਿਆ ਕੁੱਟਿਆ, ਪਰ ਆਪ ਰੱਬ ਦੀ ਮਿਹਰ ਨਾਲ ਬਾਲ ਬਾਲ ਬੱਚ ਗਏ । ਇਸ ਦੇ ਬਾਦ ਉਹਨਾਂ ਦੀ ਪਤਨੀ ਕਹਿੰਦੀ ਹਨ ਕਿ ਮੈਂ ਉਹਨਾਂ ਨੂੰ ਕਿਹਾ ਕਿ ਏਥੇ ਤਾਂ ਬਹੁਤ ਖ਼ਤਰਨਾਕ ਹਾਲਾਤ ਹੋ ਗਏ ਹਨ । ਕੇਰਾਲਾ ਵਿੱਚ ਤਬਦੀਲੀ ਲਈ ਬੇਨਤੀ ਪਤੱਰ ਦੇ ਦਿਓ ਕਿਉਂਕਿ ਆਪ ਦੀ ਦੁਸ਼ਮਣੀ ਬਹੁਤ ਵੱਧ ਗਈ ਹੈ ਤਾਂ ਕਹਿਣ ਲੱਗੇ ਕਿ ਠੀਕ ਹੈ ਮੈਂ ਦੁਸ਼ਮਣੀ ਦਾ ਹਵਾਲਾ ਦੇਕੇ ਮਰਕਜ਼ (ਕੇਂਦਰ) ਨੂੰ ਲਿਖਾਂਗਾ । ਸੰਭਵਤਾ ਮਰਕਜ਼ ਤਬਾਦਲਾ ਕਰ ਵੀ ਦੇਵੇ ਪਰ ਏਥੋਂ ਦੇ ਵਸਨੀਕ ਅਹਮਦੀਆਂ ਦਾ ਕਿੱਥੇ ਤਬਾਦਲਾ ਕਰਾਂਗੇ ਉਹਨਾਂ ਲਈ ਤਾਂ ਦੁਸ਼ਮਣੀ ਉਸੇ ਪ੍ਰਕਾਰ ਬਣੀ ਹੋਈ ਹੈ ਤਾਂ ਕਹਿੰਦੇ ਹਨ ਕਿ ਵਿਰੋਧਤਾ ਤੋਂ ਡਰਕੇ ਜਾਣਾ ਠੀਕ ਗੱਲ ਨਹੀਂ ਹੈ । ਇਸ ਲਈ ਸਾਨੂੰ ਆਪਣੇ ਵਕਫ਼ ਹੋਣ ਦਾ ਪ੍ਰਣ ਪੂਰਾ ਕਰਨਾ ਚਾਹੀਦਾ ਹੈ, ਅਸੀਂ ਵਕਫ਼ ਕਰਕੇ ਆਏ ਹਾਂ ਅਤੇ ਜਿਵੇਂ ਵੀ ਹਾਲਾਤ ਹਨ ਸਾਨੂੰ ਏਥੇ ਰਹਿਣਾ ਹੈ ਅਤੇ ਸਾਨੂੰ ਰਹਿਣਾ ਚਾਹੀਦਾ ਹੈ , ਇਹੋ ਕਿਹਾ ਕਰਦੇ ਸਨ ਕਿ ਜੇਕਰ ਸ਼ਹਾਦਤ ਦਾ ਸੰਜੋਗ ਮਿਲ ਗਿਆ ਤਾਂ ਫਿਰ ਇਸ ਤੋਂ ਵਧੱਕੇ ਹੋਰ ਕਿਹੜਾ ਇਨਾਮ ਹੈ ਅਤੇ ਇਸ ਲਈ ਸਾਨੂੰ ਇੱਥੇ ਹੀ ਰਹਿਣਾ ਹੈ ।

ਇਸੇ ਪ੍ਰਕਾਰ ਸਾਦਗੀ ਦਾ ਇਹ ਹਾਲ ਸੀ ਕਿ ਪਤਨੀ ਦਸੱਦੀ ਹਨ ਕਿ ਕੋਈ ਫ਼ਰਨੀਚਰ ਕਦੇ ਨਹੀਂ ਖ਼ਰੀਦਿਆ ਸੀ, ਘਰ ਵਿੱਚ ਕੋਈ ਵਿਅਕਤੀਗਤ ਫ਼ਰਨੀਚਰ ਨਹੀਂ ਸੀ ਅਤੇ ਹਮੇਸ਼ਾ ਕਿਹਾ ਕਰਦੇ ਸਨ ਕਿ ਅਸੀਂ ਵਕਫ਼ੇ ਜ਼ਿੰਦਗੀ ਹਨ । ਜਮਾਤ ਜਿੱਥੇ ਕਹਿੰਦੀ ਹੈ ਅਸੀਂ ਓਥੇ ਜਾਣਾ ਹੈ ਇਸ ਲਈ ਕਿਤੇ ਵੀ ਕਦੇ ਫ਼ਰਨੀਚਰ ਜਾਂ ਘਰ ਦਾ ਸਾਮਾਨ ਸਾਡੇ ਤਬਾਦਲੇ ਵਿੱਚ ਰੋਕ ਨ ਬਣ ਜਾਏ ਜੋ ਸਹੂਲਤ ਜਮਾਤ ਨੇ ਦਿੱਤੀ ਹੋਈ ਹੈ ਉਸੇ'ਤੇ ਸਾਨੂੰ ਗੁਜ਼ਾਰਾ ਕਰਨਾ ਹੈ ਅਤੇ ਉਸੇ'ਤੇ ਸੰਤੋਖ ਕਰਨਾ ਚਾਹੀਦਾ ਹੈ । ਇਹ ਵੀ ਇਕ ਉਧਾਰਣ ਹੈ ਇਕ ਵਕਫ਼ ਜ਼ਿੰਦਗੀ ਲਈ ।

ਬੀਤੇ ਸਾਲ ਅਮਲਾਪੁਰਮ ਵਿੱਚ ਤਬਾਦਲਾ ਹੋਇਆ ਸੀ, ਓਥੇ ਬੱਚਿਆਂ ਨੂੰ ਕੁਰਆਨ ਸ਼ਰੀਫ਼ ਪੜ੍ਹਾਉਣ ਲਈ ਇੰਨ੍ਹੇ ਪਾਬੰਦ ਸਨ ਕਿ ਇਕ ਕਿਲੋਮੀਟਰ ਪ੍ਰਤੀਦਿਨ ਪੈਦਲ ਜਾਂ ਸਾਇਕਲ ਉਪੱਰ ਜਾਕੇ ਲੋਕਾਂ ਨੂੰ ਕੁਰਆਨ ਕਰੀਮ ਪੜ੍ਹਾਕੇ ਆਉਂਦੇ ਸਨ । ਇਹ ਵੀ ਇਕ ਉਧਾਰਣ ਹੈ ਮੁਬਲੱਗ਼ਾ ਤੇ ਮੁਰੱਬੀਆਂ ਲਈ ।

ਫਿਰ ਉਹਨਾਂ ਦੀ ਪਤਨੀ ਨੇ ਕਿਹਾ ਕਿ ਮਹਿਮਾਨ ਨਵਾਜ਼ੀ ਦੀ ਬਹੁਤ ਖ਼ੂਬੀ ਸੀ ਉਹਨਾਂ ਵਿੱਚ । ਕਹਿੰਦੀ ਹਨ ਜੇਕਰ ਮੈਂ ਬੱਚਿਆਂ ਦੀ ਛੁੱਟੀਆਂ ਸਮੇਂ ਜਾਂ ਸਕੂਲ ਵਿੱਚ ਛੁੱਟੀਆਂ ਹੋਣ ਕਰਕੇ ਕੇਰਾਲਾ ਆਉਣ ਕਰਕੇ ਘਰ ਵਿੱਚ ਨ ਹੁੰਦੀ ਅਤੇ ਮਹਿਮਾਨ ਆ ਜਾਂ ਦੇ ਤਾਂ ਉਹਨਾਂ ਨੇ ਕਦੇ ਪਰੇਸ਼ਾਨੀ ਨਹੀਂ ਦਿਖਾਈ । ਹਮੇਸ਼ਾ ਆਪ ਹੀ ਮਹਿਮਾਨਾਂ ਨੂੰ ਖਾਣਾ ਬਣਾ ਕੇ ਮਹਿਮਾਨਾਂ ਨੂੰ ਖੁਆਇਆ ਕਰਦੇ ਸਨ । ਸ਼ਹੀਦੀ ਦੀ ਵੀ ਉਹਨਾਂ ਨੂੰ ਬਹੁਤ ਤਮਨੱਾ (ਇਛੱਾ) ਸੀ । ਉਹਨਾਂ ਨੇ

ਕਿਹਾ ਕਿ ਮੈਂ ਵਾਰ ਵਾਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਅਤੇ ਆਪਣੇ ਪਿਤਾ ਨੂੰ ਸੁਪਨੇ ਵਿੱਚ ਦੇਖਿਆ ਹੈ ਅਤੇ ਮੇਰੇ ਪਿਤਾ ਮੈਂਨੂੰ ਸੰਕੇਤ ਕਰਦੇ ਹਨ ਬੁਲਾ ਰਹੇ ਹਨ । ਬਹਿਰਹਾਲ ਉਹਨਾਂ ਦੀ ਸ਼ਹਾਦਤ ਇਕ ਢੰਗ ਨਾਲ ਇਉਂ ਵੀ ਹੋ ਗਈ ਕਿ ਉਹ ਧਾਰਮਕ ਸੇਵਾ ਲਈ ਗਏ ਹੋਏ ਸਨ ਅਤੇ ਓਥੇ ਹੀ ਇਸ ਧਾਰਮਕ ਯਾਤਰਾ ਸਮੇਂ ਉਹਨਾਂ ਦੀ ਵਫ਼ਾਤ ਹੋਈ । ਇਹ ਵੀ ਸ਼ਹਾਦਤ ਹੈ ਇਕ ਪ੍ਰਕਾਰ ਦੀ । ਬਹੁਤ ਦੁਆਵਾਂ ਕਰਨ ਵਾਲੇ, ਤਹਜੁੱਦ ਪੜ੍ਹਨ ਵਾਲੇ, ਮਿਲਵਰਤਨ ਰਖੱਣ ਵਾਲੇ, ਪ੍ਰਚਾਰਕ ਖੇਤਰ ਵਿੱਚ ਇਕ ਨਿਡਰ ਮੁਜਾਹਿਦ (ਸੰਘਰਸ਼ ਕਰਨ ਵਾਲੇ) ਸਨ । ਕਈ ਵਾਰ ਉਹਨਾਂ ਨੂੰ ਵਿਰੋਧੀਆਂ ਨੇ ਉਹਨਾਂ ਨੂੰ ਹਰਾਸਤ ਵਿੱਚ ਰਖੱਕੇ ਮਾਰਿਆ ਕੁੱਟਿਆ । ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ਦਾ ਵਰਨਣ ਮੈਂ ਆਪਣੇ ਖੁਤਬਿਆਂ ਤੇ ਜਲਸਾ ਸਾਲਾਨਾ ਦੇ ਭਾਸ਼ਣਾ ਵਿੱਚ ਜੋ ਘਟਨਾਵਾਂ ਸੁਣਾਉਂਦਾ ਹਾਂ ਉਹਨਾਂ ਵਿੱਚ ਇਕ ਵਾਰ ਇਹਨਾ ਦੀ ਘਟਣਾ ਸੁਣਾਈ ਸੀ, ਮਾਰ ਕੁੱਟ ਦੇ ਜੋ ਭਿਆਨਕ ਢੰਗ ਨਾਲ ਮੌਲਵੀਆਂ ਨੇ ਮਾਰਿਆ ਸੀ ।

ਇਹਨਾ ਦੇ ਪਿਛੋਕੜ ਵਿੱਚ ਇਹਨਾ ਦੀ ਬੁੱਢੀ ਮਾਂ ਹਨ, ਪਤਨੀ ਅਤੇ ਦੋ ਪੁਤੱਰ ਹਨ । ਦੋ ਵੱਡੇ ਭਾਈ ਹਨ ਇਹਨਾਂ ਦੇ । ਇਕ ਸੁਲੇਮਾਨ ਸਾਹਬ ਅਮੀਰ ਜ਼ਿਲਾ ਪਾਲਘਾਟ ਕੇਰਾਲਾ ਅਤੇ ਐਚ. ਸ਼ਮਸੁੱਦੀਨ ਸਾਹਬ ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ ਵਿੱਚ ਮਲਿਆਲਮ ਸੈਕਸ਼ਨ ਵਿੱਚ ਇਸ ਸਮੇਂ ਸੇਵਾਂ ਦਾ ਸੰਜੋਗ ਪਾ ਰਹੇ ਹਨ ।

ਇਹਨਾਂ ਨਾਲ ਕੰਮ ਕਰਨ ਦਾ ਸੰਜੋਗ ਪਾਉਣ ਵਾਲੇ ਮੁਬਲੱਗ਼ ਨਵੀਦੁਲ ਫ਼ਤਹ ਸਾਹਬ ਕਹਿੰਦੇ ਹਨ ਕਿ ਮੌਲਾਨਾ ਐਚ. ਨਾਸਿਰੁੱਦੀਨ ਸਾਹਬ ਜਮਾਤ ਦੀ ਤਰੱਕੀ ਲਈ ਹਰ ਇਕ ਕੰਮ ਕਰਨ ਲਈ ਤਤਪਰ ਰਹਿੰਦੇ ਸਨ । ਬਹੁਤ ਹੀ ਪਿਆਰ ਕਰਨ ਵਾਲੇ ਵੁਜੂਦ ਸਨ, ਅਮਲਾਂ ਦੇ ਧਨੀ ਆਲਮ ਸਨ, ਨਿੱਤ ਤਹਜੁੱਦ ਪੜ੍ਹਦੇ । ਪ੍ਰਤੀਦਿਨ ਬਕਾਇਦਗੀ ਨਾਲ ਸਿੱਖਿਆ ਤੇ ਸੀਖ ਦੇ ਕੰਮ ਕਰਦੇ । ਦਫ਼ਤਰੀ ਕੰਮ ਲਈ ਜ਼ਰੂਰੀ ਪ੍ਰਤੀਦਿਨ ਵਿਸ਼ੇਸ਼ ਸਮਾਂ ਰੱਖਿਆ ਹੋਇਆ ਸੀ ਜੋ ਦਿੰਦੇ ਸਨ । ਬਜ਼ੁਰਗਾਂ ਦਾ ਸਨਮਾਨ ਇਕ ਵਿਸ਼ੇਸ਼ ਗੁਣ ਸੀ ਓਹਨਾਂ ਦਾ । ਛੋਟਿਆਂ ਨਾਲ ਵਿਸ਼ੇਸ਼ ਵਿਨਮ੍ਰਤਾ ਵੀ ਖ਼ਾਸ ਗੁਣ ਸ ੀ ਉਹਨਾਂ ਦਾ । ਪ੍ਰਤੀਦਿਨ ਬਕਾਇਦਗੀ ਨਾਲ ਬਾਹਰ ਨਿਕਲਦੇ, ਕੋਈ ਖ਼ੌਫ਼ ਨਹੀ ਸੀ, ਵਿਰੋਧੀ ਹਨ ਤਾਂ ਕੀ ਕਰਨਗੇ ਅਤੇ ਇਸੇ ਕਰਕੇ ਗ਼ੈਰ ਅਹਮਦੀਆਂ ਵਿੱਚ ਵੀ ਉਹਨਾਂ ਦਾ ਵਿਸ਼ਾਲ ਘੇਰਾ ਸੀ ਕਿਉਂਕਿ ਉਹਨਾ ਨਾਲ ਵੀ ਬਹੁਤ ਖਿੜੇ ਮੱਥੇ ਮਿਲਦੇ ਸਨ । ਬਹੁਤ ਹਰਮਨ ਪਿਆਰੇ ਸਨ । ਕਹਿੰਦੇ ਹਨ ਕਿ ਮੈਂ ਉਹਨਾਂ ਦੇ ਮੱਥੇ'ਤੇ ਕਦੇ ਕੋਈ ਪ੍ਰੇਸ਼ਾਨੀ ਦੀ ਤਿਉੜੀ ਨਹੀਂ ਦੇਖੀ, ਕਦੇ ਗੁਸੱਾ ਨਹੀਂ ਦੇਖਿਆ । ਆਪਣੇ ਸਾਥੀ ਮੁਅਲੱਮਾਂ ਨਾਲ ਵੀ ਬਹੁਤ ਚੰਗਾ ਵਰਤਰਉ ਕਰਦੇ ਸਨ, ਹਮੇਸ਼ਾ ਉਹਨਾਂ ਦਾ ਖਿਆਲ ਰਖੱਦੇ ਅਤੇ ਅਜਿਹਾ ਪ੍ਰੇਮ ਸੀ ਕਿ ਹਰ ਕੋਈ ਜੋ ਉਹਨਾਂ ਨੂੰ ਮਿਲਦਾ ਸੀ ਉਹਨਾਂ ਦਾ ਪਿਆਰਾ ਹੋ ਜਾਂਦਾ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਬਹੁਤ ਸਨਮਾਨ ਤੇ ਵਿਵਸਥਾ ਨਾਲ ਨਿਰੰਤਰ ਅਧਿਐਨ ਕਰਦੇ ਸਨ, ਬਹੁਤ ਵਿਵਸਥਾਪੂਰਨ ਉਸਦਾ ਇਕ ਵਿਸ਼ੇਸ਼ ਸਮਾਂ ਰੱਖਿਆ ਹੋਇਆ ਸੀ ਅਤੇ ਇਹ ਵੀ ਹਰ ਮੁਬਲੱਗ਼ ਅਤੇ ਮੁਰੱਬੀ ਲਈ ਇਕ ਅਤਿਅੰਤ ਮਹਤੱਵਪੂਰਨ ਤੇ ਜ਼ਰੂਰੀ ਸਿੱਖਿਆ ਹੈ । ਕੁਰਆਨ ਕਰੀਮ ਦੀ ਤਲਾਵਤ ਤੋਂ ਕਦੇ ਵੀ ਗ਼ਾਫ਼ਲ ਨਹੀਂ ਰਹਿੰਦੇ, ਪ੍ਰਤੀਦਿਨ ਬਕਾਇਦਗੀ ਨਾਲ ਡਾਇਰੀ ਲਿਖੱਦੇ ਅਤੇ ਹਮੇਸ਼ਾ ਇਹ ਆਦਤ ਰਹੀ ਕਿ ਖ਼ਿਲਾਫ਼ਤ ਵੱਲੋਂ ਜੋ ਗੱਲ ਕਹੀ ਜਾਏ ਉਸ ਨੂੰ ਗ਼ੌਰ ਨਾਲ ਸੁਨਣਾ ਹੈ, ਹਮੇਸ਼ਾ ਖੁਤਬੇ ਨੂੰ ਬਹੁਤ ਗ਼ੌਰ ਨਾਲ ਸੁਣਦੇ ਅਤੇ ਫਿਰ ਨਾ ਕੇਵਲ ਸੁਣਦੇ ਸਗੋਂ ਇਹ ਜਤਨ ਹੁੰਦਾ ਤਕ ਪੂਰੀ ਤਰ੍ਹਾਂ ਅਮਲ ਕਰਨਾ ਹੈ ਕੋਈ ਹੁਜੱਤਾਂ ਨਹੀਂ ਪੇਸ਼ ਕਰਨੀਆਂ ਸਗੋਂ ਹਰ ਅਖੱਰ'ਤੇ ਅਮਲ ਕਰਨ ਦਾ ਜਤਨ ਕਰਦੇ ਸਨ ਅਤੇ ਇਹ ਵੀ ਵਾਕਫ਼ੀਨ ਜ਼ਿੰਦਗੀ ਲਈ ਇਕ ਮਹਤੱਪੂਰਨ ਗੱਲ ਹੈ । ਖ਼ਿਲਾਫ਼ਤ ਨਾਲ ਅਥਾਹ ਪ੍ਰੇਮ ਕਰਨ ਵਾਲੇ ਸਨ, ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਇਸ਼ਕ ਤੇ ਪ੍ਰੇਮ ਅਥਾਹ ਸੀ ਅਤੇ ਇਹ ਕਹਿੰਦੇ ਹਨ ਕਿ ਇਹ ਅਜਿਹੀ ਵਿਸ਼ੇਸ਼ਤਾ ਸੀ ਜੋ ਉਹਨਾਂ ਵਿੱਚ ਪ੍ਰਤੱਖ ਦਿਖਾਈ ਦਿੰਦੀ ਸੀ ।

ਇਕ ਮੁਅਲੱਮ ਸਾਹਬ ਹਨ ਵਜ਼ੀਰ ਸਾਹਬ, ਉਹ ਕਹਿੰਦੇ ਹਨ ਕਿ ਮੈਂ ਉਹਨਾਂ ਨੂੰ ਹਮੇਸ਼ਾ ਤਹਜੁੱਦ ਪੜ੍ਹਨ ਵਾਲਾ ਨਮਾਜ਼ਾਂ ਨੂੰ ਅਤਿਅੰਤ ਵਿਵਸਥਾ ਨਾਲ ਪੜ੍ਹਨ ਵਾਲਾ ਅਤੇ ਪ੍ਰਤੀਦਿਨ ਤਲਾਵਤ ਕਰਨ ਵਾਲਾ, ਬਹੁਤ ਖ਼ੁਸ਼ ਮਿਜ਼ਾਜ ਅਤੇ ਨੇਕ ਅਮਲ ਕਰਨ ਵਾਲਾ ਦੇਖਿਆ, ਖ਼ਿਲਾਫ਼ਤ ਨਾਲ ਵਿਸ਼ੇਸ ਪ੍ਰੇਮ ਸੀ । ਜਮਾਤ ਨਾਲ ਨਮਾਜ਼ ਦਾ ਵਿਸ਼ੇਸ਼ ਧਿਆਨ ਰਖੱਦੇ ਸਨ, ਚੰਗੇ ਮਹਿਮਾਨ ਨਵਾਜ਼, ਸਾਦਗੀ ਪਸੰਦ, ਫ਼ਜ਼ੂਲ ਖਰਚੀ ਤੋਂ ਬਚਣ ਵਾਲੇ ਸਨ, ਫਿਰ ਕਹਿੰਦੇ ਹਨ ਕਿ ਇਹਨਾਂ ਨੂੰ ਅਧਿਐਨ ਦਾ ਬਹੁਤ ਸ਼ੌਕ ਸੀ, ਕੋਈ ਪ੍ਰਸ਼ਨ ਪੁੱਛਿਆ ਜਾਏ ਤਾਂ ਬਹੁਤ ਹੀ ਚੰਗੇ ਢੰਗ ਨਾਲ ਵੱਧੀਆ ਉੱਤਰ ਦਿੰਦੇ ਸਨ । ਅਧਿਕਤਰ ਜੱਦ ਵੀ ਕਿਸੇ ਪ੍ਰੋਗਰਾਮ ਜਾਂ ਕਿਸੇ ਸਭਾ ਵਿੱਚ ਵਿਸ਼ੇਸ਼ ਕਰਕੇ ਸਫ਼ਰ ਵਿੱਚ ਖ਼ੁਦੱਾਮਾ ਨਾਲ ਬਹਿੰਦੇ ਤਾਂ ਜਮਾਤ ਦੀ ਚਰਚਾ ਅਤੇ ਇਮਾਨ ਵਧਾਉ ਗਲੱਾਂ ਸੁਣਾਇਆ ਕਰਦੇ ਸਨ । ਹਰ ਇਕ ਨਾਲ ਉੱਚ ਆਚਰਣ ਨਾਲ ਪੇਸ਼ ਆਉਂਦੇ ਜਿਸ ਕਰਕੇ ਹਰ ਕੋਈ ਆਪ ਨਾਲ ਰਹਿਣਾ ਪਸੰਦ ਕਰਦਾ ਸੀ ।

ਅਲੱਾਹ ਤਆਲਾ ਇਹਨਾ ਦੇ ਦਰਜਿਆਂ ਨੂੰ ਬੁਲੰਦ ਕਰੇ ਅਤੇ ਇਹਨਾਂ ਦੇ ਬੱਚਿਆਂ ਨੂੰ ਸਬਰ ਤੇ ਹੌਂਸਲਾ ਪ੍ਰਦਾਨ ਕਰੇ ।

ਅਗਲਾ ਵਰਨਣ ਹੈ ਮੁਹਤਰਮਾ ਸਾਹਿਬਜ਼ਾਦੀ ਅਮਤੁਲ ਵਹੀਦ ਬੇਗ਼ਮ ਸਾਹਿਬਾ ਦਾ ਜੋ ਸਾਹਿਬਜ਼ਾਦਾ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਦੀ ਸੁਪੱਤਨੀ ਸਨ । **10** ਅਪ੍ਰੈਲ **2017** ਈ. ਨੂੰ ਲਗਭਗ ਰਾਤ ਦੇ ਦਸ ਵਜੇ **82** ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਈਂ । (اناللهواناالیہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਇਹ ਹਜ਼ਰਤ ਮਿਰਜ਼ਾ ਸ਼ਰੀਫ਼ ਅਹਮਦ ਸਾਹਬ ਦੀ ਸਭ ਤੋਂ ਛੋਟੀ ਪੁਤਰੀ ਸਨ ਅਤੇ ਮੇਰੀ ਭੁੱਫੀ (ਭੂਆ) ਵੀ ਸਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੋਤੀ ਅਤੇ ਹਜ਼ਰਤ ਨਵਾਬ ਮੁਹਮੱਦ ਅਲੀ ਖਾਂਨ ਸਾਹਬ ਦੀ ਦੋਤੀ (ਨਵਾਸੀ) ਸਨ । ਆਪ ਦੀ ਤਦਫ਼ੀਨ ਬਹਿਸ਼ਤੀ ਮਕਬਰਹ ਰਬਵਾ ਵਿੱਚ ਹੋਈ ਹੈ । ਇਹਨਾਂ ਦਾ ਨਿਕਾਹ **26** ਦਸੰਬਰ **1955** ਈ ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਪੜ੍ਹਾਇਆ ਸੀ । ਅਲੱਾਹ ਤਆਲਾ ਨੇ ਆਪ ਨੂੰ ਛੇ ਪੁਤੱਰਾਂ ਨਾਲ ਨਿਵਾਜਿਆ ਹੈ ਜਿੰਨ੍ਹਾ ਵਿੱਚੋਂ ਚਾਰ ਪੁਤੱਰ ਵਕਫ਼ੇ ਜਿੰਦਗੀ ਹਨ । ਦੋ ਡਾਕਟਰ ਹਨ ਫ਼ਜ਼ਲੇ ਉਮਰ ਹਸਪਤਾਲ ਵਿੱਚ ਕੰਮ ਕਰ ਰਹੇ ਹਨ । ਇਕ ਪੀ.ਐਚ.ਡੀ. ਡਾਕਟਰ ਨਜ਼ਾਰਤ ਤਾਲੀਮ ਵਿੱਚ ਹਨ ਅਤੇ ਇਕ ਵਕੀਲ ਹਨ ਸਦਰ ਅੰਜੁਮਨ ਅਹਮਦੀਆ ਵਿੱਚ ਮਸ਼ੀਰੇ ਕਾਨੂਨੀ ਦੇ ਦਫ਼ਤਰ ਵਿੱਚ । ਇਹਨਾ ਦੀ ਲਜਨਾ ਦੀ ਸੇਵਾਵਾਂ ਦਾ ਸਮਾਂ ਵੀ ਲਗਭਗ **29** ਸਾਲ'ਤੇ ਫੈਲਿਆ ਹੋਇਆ ਹੈ । ਸੈਕ੍ਰੇਟਰੀ ਸਨਅਤ ਤੇ ਤਿਜਾਰਤ ਅਤੇ ਨਾਇਬ ਸਦਰ ਅਵੱਲ ਉਪੱਰ ਰਹੀਂ । ਆਪਣੇ ਉਪੱਰ ਅਫ਼ਸਰ ਦੀ ਅਗਿਆਕਾਰੀ ਛੁੱਟ ਇਸਦੇ ਕਿ ਉਸ ਨਾਲ ਕੀ ਰਿਸ਼ਤਾ ਹੈ ਅਤੇ ਕੀ ਉਮਰ ਦਾ ਫ਼ਰਕ ਹੈ ਅਥਾਹ ਸੀ । ਮੇਰੀ ਪਤਨੀ ਨੇ ਮੈਂਨੂੰ ਦੱਸਿਆ ਕਿ ਦੋ ਸਾਲ ਜੱਦ ਉਹ ਸਦਰ ਲਜਨਾ ਰਬਵਾ ਸਨ ਤਾਂ ਇਹ ਸੈਕ੍ਰੇਟਰੀ ਸਨਅਤ ਵ ਤਜਾਰਤ ਅਤੇ ਨਾਇਬ ਸਦਰ ਦੇ ਰੂਪ ਵਿੱਚ ਉਹਨਾਂ ਨਾਲ ਕੰਮ ਕਰਦੀ ਰਹੀ ਸਨ ਅਤੇ ਹਮੇਸ਼ਾ ਹੀ ਬਹੁਤ ਖ਼ੁਸ਼ਦਿਲੀ ਨਾਲ ਅਤੇ ਬਹੁਤ ਹੀ ਵਿਨਮ੍ਰਤਾ ਨਾਲ ਤੇ ਆਗਿਆਕਾਰੀ ਨਾਲ ਕੰਮ ਕੀਤਾ ਅਤੇ ਜੋ ਉਹਨਾਂ ਦੇ ਜ਼ਿੰਮੇ ਕੰਮ ਲਾਇਆ ਗਿਆ ਉਸ ਨੂੰ ਉਹਨਾਂ ਨੇ ਬਹੁਤ ਹੀ ਖਿੜੇ ਮੱਥੇ ਸੰਪੂਰਨ ਕੀਤਾ । ਇਹਨਾ ਦੇ ਪਤੀ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਕਹਿੰਦੇ ਹਨ ਕਿ ਇਕ ਵਕਫ਼ੇ ਜ਼ਿੰਦਗੀ ਦੀ ਪਤਨੀ ਹੋਣ ਦਾ ਹੱਕ ਪੂਰਾ ਕੀਤਾ । ਮੇਰੇ ਕੋਲੋ ਕਦੇ ਕੋਈ ਮੰਗ ਨਹੀਂ ਕੀਤੀ ਬੱਚਿਆਂ ਦੀ ਤਰਬੀਯਤ ਦਾ ਖ਼ਿਆਲ ਰੱਖਿਆ ਅਤੇ ਇਹੋ ਤਰਬੀਯਤ ਦਾ ਸਿਟੱਾ ਹੈ ਕਿ ਰੱਬ ਦੀ ਮਿਹਰ ਨਾਲ ਛੇ ਪੁਤੱਰਾਂ ਵਿੱਚ ਚਾਰ ਵਕਫ਼ੇ ਜ਼ਿੰਦਗੀ ਹਨ ਅਤੇ ਫਿਰ ਆਪਣੇ ਬੱਚਿਆ ਨਾਲ ਨਾਲ ਘਰ ਵਿੱਚ ਮੌਜੂਦ ਮੁਲਾਜ਼ਮਾਂ ਦੇ ਬੱਚਿਆਂ ਨੂੰ ਵੀ ਬਹੁਤ ਚੰਗੇ ਢੰਗ ਨਾਲ ਰੱਖਿਆ ਜੇਕਰ ਕੋਈ ਕੁਰਆਨ ਸ਼ਰੀਫ਼ ਨਹੀਂ ਪੜ੍ਹਿਆ ਹੁੰਦਾ ਤਾਂ ਉਸ ਨੂੰ ਕੁਰਆਨ ਸ਼ਰੀਫ਼ ਪੜ੍ਹਾਉਂਦੀ ।

ਉਹਨਾਂ ਦੀ ਇਕ ਨਨਾਣ ਜੋ ਮੇਰੀ ਭਰਜਾਈ ਵੀ ਹਨ, ਉਹ ਲਿਖੱਦੀ ਹਨ ਕਿ ਸਾਡਾ ਉਹਨਾਂ ਦਾ ਸੰਬੰਧ ਬਿਲਕੁਲ ਉਸੇ ਪ੍ਰਕਾਰ ਸੀ ਜਿਵੇਂ ਇਕ ਮਾਂ ਦਾ ਆਪਣੀ ਪੁਤੱਰੀ ਨਾਲ ਹੁੰਦਾ ਸੀ । ਮਾਂ ਦੇ ਸਵਰਗਵਾਸ ਦੇ ਬਾਦ ਸਾਡਾ ਸਾਰਿਅਂ ਦਾ ਬਹੁਤ ਖ਼ਿਆਲ ਰੱਖਿਆ । ਕਈ ਬੱਚੀਆਂ ਨੂੰ ਆਪਣੇ ਘਰ ਵਿੱਚ ਪਾਲਿਆ ਅਤੇ ਉਹਨਾਂ ਦੀ ਹਰ ਪ੍ਰਕਾਰ ਦੀ ਦੀਨੀ ਤੇ ਦੁਆਵੀ ਸੀਖ ਸਿੱਖਿਆ ਦਾ ਖ਼ਿਆਲ ਰੱਖਿਆ । ਉਹਨਾਂ ਦੀ ਇਕ ਸਭ ਤੋਂ ਛੋਟੀ ਨਨਾਣ ਲਿਖੱਦੀ ਹਨ ਕਿ ਇਕ ਵਾਰ ਮੈਂ ਉਹਨਾਂ ਨੂੰ ਪੁੱਛਿਆ ਕਿ ਆਪ ਨੇ ਕਿੰਨ੍ਹੀ ਉਮਰ ਤੋਂ ਤਹਜੁੱਦ ਪੜ੍ਹਨੀ ਸ਼ੁਰੂ ਕੀਤੀ ਸੀ । ਉਹਨਾਂ ਨੇ ਦੱਸਿਆ ਕਿ ਬਾਰ੍ਹਾਂ ਸਾਲ ਦੀ ਉਮਰ ਤੋਂ ਬਕਾਇਦਾ ਪੜ੍ਹ ਰਹੀ ਹਾਂ । ਛੇ ਨੂਹਾਂ ਸਨ, ਰੱਬ ਦੀ ਮਿਹਰ ਨਾਲ ਹਰ ਇਕ ਨਾਲ ਉਹਨਾਂ ਦਾ ਚੰਗਾ ਵਰਤਾਉ ਸੀ ਹਰ ਇਕ ਨੂੰ ਬੇਟੀਆਂ ਵਾਂਗ ਰੱਖਿਆ ਹੋਇਆ ਸੀ ।

ਮੇਰੀ ਛੋਟੀ ਭੈਣ ਅਮਤੁਲ ਕੁਦੂੱਸ ਸਾਹਿਬਾ ਲਿਖੱਦੀ ਹਨ ਕਿ ਮਨੁੱਖ ਦੇ ਅਮਲਾਂ ਵਿੱਚ ਵਾਧਾ ਘਾਟਾ ਤਾਂ ਹੁੰਦਾ ਰਹਿੰਦਾ ਹੈ ਪਰ ਫਿਰ ਵੀ ਉਹਨਾਂ ਦੀ ਘੁੱਟੀ ਵਿੱਚ ਇਹ ਚੀਜ਼ ਸ਼ਾਮਲ ਸੀ ਕਿ ਕੁਰਆਨ ਕਰੀਮ ਤੇ ਹਦੀਸ ਨਾਲ ਡੂੰਘਾ ਸੰਬੰਧ ਸੀ । ਨੇਕੀ ਤਾਂ ਸੰਭਵਤਾ ਰੂਹ (ਆਤਮਾ) ਵਿੱਚ ਸੀ । ਜੱਦ ਦੇਖਦੀ ਕਿ ਸਾਡੀਆਂ ਰਿਵਾਇਤਾਂ ਤੇ ਸਿੱਖਿਆ ਦੇ ਵਿਰੁਧ ਗੱਲ ਹੋਈ ਹੈ ਤਾਂ ਉਸ ਦੇ ਖ਼ਿਲਾਫ਼ ਖੁਲੱਕੇ ਬੋਲਦੀ ਸਨ ।

ਉਹਨਾਂ ਦੇ ਪੁਤੱਰ ਨੇ ਲਿੱਖਿਆ ਕਿ ਖ਼ਿਲਾਫ਼ਤ ਤੋਂ ਪਹਿਲਾਂ ਤਾਂ ਜੋ ਆਪ ਨਾਲ ਸੰਬੰਧ ਸੀ, ਉਹ ਤਾਂ ਸੀ ਅਤੇ ਇਸ ਦੇ ਬਾਦ ਕਹਿਣ ਲੱਗੀ ਕਿ ਹੁਣ ਭਤੀਜੇ ਦਾ ਸੰਬੰਧ ਖ਼ਤਮ ਹੋ ਗਿਆ, ਹੁਣ ਕੇਵਲ ਖ਼ਿਲਾਫ਼ਤ ਦਾ ਸੰਬੰਧ ਬਾਕੀ ਰਹਿ ਗਿਆ ਹੈ । ਫਿਰ ਇਹ ਪੁਤੱਰ ਲਿਖੱਦਾ ਹੈ ਕਿ ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ (ਚੌਥੇ ਰੂਹਾਨੀ ਖ਼ਲੀਫ਼ਾ) ਦੀ ਵਫ਼ਾਤ ਦੀ ਖ਼ਬਰ ਆਈ ਤਾਂ ਅਸੀਂ ਸਾਰੇ ਨਮਾਜ਼ ਲਈ ਮਸਜਿਦ ਗਏ ਹੋਏ ਸੀ ਅਤੇ ਸਾਡੀ ਮਾਂ ਜੀ ਵੀ ਬਹੁਤ ਸਦਮੇ ਵਿੱਚ ਸਨ ਤਾਂ ਉਸ ਸਮੇਂ ਮੇਰੀ ਵੱਡੀ ਭਰਜਾਈ ਨੇ ਉੱਚੀ ਰੋਣਾ ਸ਼ੁਰੂ ਕੀਤਾ ਤਾਂ ਮਾਂ ਜੀ ਨੇ ਕਿਹਾ ਕਿ ਚੁੱਪ ਹੋ ਜਾਓ ਇਸ ਸਮੇਂ ਜਮਾਤ ਉਪੱਰ ਇਕ ਪ੍ਰੀਖਿਆ ਦਾ ਸਮਾਂ ਹੈ ਅਤੇ ਇਹ ਦੁਆਵਾਂ ਦਾ ਸਮਾਂ ਹੈ ਇਸ ਸਮੇਂ ਦੁਆਵਾਂ ਕਰੋ ।

ਪਾਲਕ ਰਿਸ਼ਤਿਆਂ ਦਾ ਬਹੁਤ ਧਿਆਨ ਰਖੱਣ ਵਾਲੀ ਸਨ । ਇਹ ਸਾਰੇ ਗੁਣ ਸਨ ਉਹਨਾਂ ਵਿੱਚ । ਅਲੱਾਹ ਤਆਲਾ ਉਹਨਾਂ ਦੇ ਬੱਚਿਆਂ ਵਿੱਚ ਵੀ ਇਹ ਗੁਣ ਜਾਰੀ ਫ਼ਰਮਾਏ ਅਤੇ ਖ਼ਿਲਾਫ਼ਤ ਨਾਲ ਵਫ਼ਾ ਦਾ ਸੰਬੰਧ ਹੋਵੇ ਅਲੱਾਹ ਤਆਲਾ ਉਹਨਾਂ ਦੇ ਦਰਜੇ ਬੁਲੰਦ ਕਰੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਮੈਂ ਇਹਨਾਂ ਮਰਹੂਮੀਨ ਦੀਆਂ ਨਮਾਜ਼ ਜਨਾਜ਼ਹ ਪੜ੍ਹਵਾਂਗਾ ।

**Khulasa Khutba Jumma 14.04.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131